ਢਿੱਲੋਂ ਨੇ ਬਰੈਂਪਟਨ ਸਿਟੀ ਵਿਰੁੱਧ ਕਾਨੂੰਨੀ ਕਾਰਵਾਈ ਦਾਇਰ ਕੀਤੀ, ਜਿਸ ਨੇ ਦੋਸ਼ ਲਾਇਆ ਸੀ, ਦੋਸ਼ ਲਾਉਣ ਵਾਲੀ ਵਲੋਂ ਝੂਠੇ ਦੋਸ਼ ਮੰਨਣ ਤੋਂ 3 ਸਾਲ ਬਾਅਦ ਵੀ ਭਰੋਸੇ ਯੋਗਤਾ ਖਤਮ ਹੋ ਚੁੱਕੀ ਰਿਪੋਰਟ ਵੈਬਸਾਈਟ ਤੇ ਮੌਜੂਦ

By Adrian Peries ਅਕਤੂਬਰ 05, 2026 - ਬਰੈਂਪਟਨ, ਮਿਸਿਸਾਗਾ

ਬਰੈਂਪਟਨ ਦੇ ਸਾਬਕਾ ਕੌਂਸਲਰ ਗੁਰਪ੍ਰੀਤ ਢਿੱਲੋਂ ਨੇ ਜੱਜ ਸਾਹਿਬ ਤੋਂ ਮੰਗ ਕੀਤੀ ਹੈ ਕਿ ਉਹ ਸਿਟੀ ਆਫ ਬਰੈਂਪਟਨ ਨੂੰ 2020 ਦੀ ਇਨਟੈਗਰਿਟੀ ਕਮਿਸ਼ਨਰ ਦੀ ਉਹ ਰਿਪੋਰਟ ਹਟਾਉਣ ਦਾ ਹੁਕਮ ਦੇਣ, ਜਿਸ ਵਿੱਚ ਉਸ ਔਰਤ ਦਾ ਪੱਖ ਲਿਆ ਗਿਆ ਸੀ, ਜਿਸ ਨੇ ਉਹਨਾਂ ਤੇ ਜਿਨਸੀ ਹਮਲੇ ਦਾ ਦੋਸ਼ ਲਾਇਆ ਸੀ, ਉਹ ਦੋਸ਼ ਹੁਣ ਉਹ ਵਾਪਿਸ ਲੈ ਚੁਕੀ ਹੈ।

ਦੀ ਪੁਆਇੰਟਰ ਨੂੰ ਮਿਲੇ ਦਸਤਾਵੇਜ਼ਾਂ ਮੁਤਾਬਿਕ, ਬਰੈਂਪਟਨ ਦੀ ਇੰਟੈਗਰਿਟੀ ਕਮਿਸ਼ਨਰ ਮੁਨੀਜ਼ਾ ਸ਼ੇਖ, ਜਿਸ ਨੇ ਹੁਣ ਭਰੋਸੇਯੋਗਤਾ ਖਤਮ ਹੋ ਚੁੱਕੀ ਇਹ ਰਿਪੋਰਟ ਲਿੱਖੀ ਸੀ, ਨੂੰ 2024 ਵਿਚ ਪਤਾ ਸੀ ਕਿ ਉਸ ਔਰਤ ਨੇ ਆਪਣੇ ਸਾਰੇ ਝੂਠੇ ਦੋਸ਼ ਵਾਪਸ ਲੈ ਲਏ ਸਨ ਤੇ ਢਿਲੋਂ ਤੋਂ ਮੁਆਫੀ ਮੰਗ ਲਈ ਸੀ। ਦਸਤਾਵੇਜ਼ਾਂ ਵਿੱਚ ਔਰਤ ਦਾ ਨਾਮ ਸ਼ਾਮਿਲ ਹੈ ਪਰ ਉਹ ਪ੍ਰਕਾਸ਼ਿਤ ਨਹੀਂ ਕੀਤਾ ਜਾ ਸਕਦਾ।

ਸਤੰਬਰ 1, 2023 ਨੂੰ ਬਰੈਂਪਟਨ ਸਿਟੀ ਕੌਂਸਲ ਦੇ ਨਾਮ ਇਕ ਚਿੱਠੀ ਵਿਚ ਉਸ ਨੇ ਲਿਖਿਆ ਕਿ ‘‘ਡੀਅਰ ਬਰੈਂਪਟਨ ਸਿਟੀ ਕੌਂਸਲ ਦੇ ਮੈਂਬਰੋ, ਮੈਂ ਗੁਰਪ੍ਰੀਤ ਸਿੰਘ ਢਿੱਲੋਂ ਵਿਰੁੱਧ 2019 ਦੇ ਅਖੀਰ ਵਿਚ ਤੇ 2029 ਦੇ ਸ਼ੁਰੂ ਵਿਚ, ਜਦੋਂ ਅਸੀਂ ਤੁਰਕੀ ਵਿਚ ਇੱਕ ਕਾਨਫਰੰਸ ਵਿੱਚ ਸ਼ਾਮਲ ਹੋਏ ਸੀ, ਲਾਏ ਗਏ ਜਿਨਸੀ ਦੁਰਵਿਹਾਰ ਦੇ ਦੋਸ਼ ਵਾਪਸ ਲੈਣ ਦੀ ਬੇਨਤੀ ਕਰਨ ਲਈ ਇਹ ਲਿੱਖ ਰਹੀ ਹਾਂ।’’

ਸ਼ੇਖ ਦੀ ਰਿਪੋਰਟ ਨੂੰ ਢਿਲੋਂ ਦੇ ਵਿਰੋਧੀਆਂ ਨੇ ਵਰਤਿਆ, ਜਿਹਨਾਂ ਵਿਚ ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਵੀ ਸ਼ਾਮਲ ਹਨ, ਜਿਹਨਾਂ ਨੇ ਰਿਪੋਰਟ ਜਾਰੀ ਹੋਣ ਤੋਂ ਬਾਅਦ ਢਿੱਲੋਂ ਤੇ ਵਾਰ ਵਾਰ ਜਨਤਕ ਤੌਰ ਤੇ ਹਮਲੇ ਕੀਤੇ। ਸ਼ੇਖ ਦੀ ਸਿਫਾਰਸ਼ ਤੇ ਕੌਂਸਲ ਵਲੋਂ ਢਿੱਲੋਂ ਨੂੰ ਮੁਅੱਤਲ ਕੀਤੇ ਜਾਣ ਤੋਂ ਬਾਅਦ, ਇਸੇ ਰਿਪੋਰਟ ਦੀ ਵਰਤੋਂ ਕਰਨ ਵਾਲੀ ਇੱਕ ਜਨਤਕ ਮੁਹਿੰਮ ਮਗਰੋਂ ਉਹ 2012 ਦੀ ਚੋਣ ਹਾਰ ਗਏ।

2023 ਵਿਚ ਦੋਸ਼ ਲਾਉਣ ਵਾਲੀ ਚਿੱਠੀ ਮਿਲਣ ਤੋਂ ਬਾਅਦ ਵੀ ਬਰੈਂਪਟਨ ਦੇ ਅਧਿਕਾਰੀਆਂ ਨੇ ਰਿਪੋਰਟ ਹਟਾਉਣ ਤੋਂ ਇਨਕਾਰ ਕਰ ਦਿੱਤਾ।

ਸ਼ੁਰੂ ਤੋਂ ਹੀ ਇਸ ਸਾਰੇ ਮਾਮਲੇ ਵਿਚ ਮੇਅਰ ਬਰਾਊਨ ਦੇ ਵਤੀਰੇ ਨੇ ਸ਼ੱਕ ਪੈਦਾ ਕੀਤੇ, ਕਿਉਂਕਿ ਉਹ ਤੁਰਕੀ ਦੇ ਦੌਰੇ ਤੋਂ ਵਾਪਿਸ ਆਈ ਔਰਤ ਨੂੰ ਆਹਮੋਂ ਸਾਹਮਣੇ ਮਿਲੇ ਅਤੇ ਸ਼ੇਖ ਵਲੋਂ ਕੀਤੀ ਗਈ ਬਾਅਦ ਦੀ ਜਾਂਚ ਵਿੱਚ ਖੁਦ ਦਖ਼ਲ ਦਿੱਤਾ।

ਢਿੱਲੋਂ ਨੂੰ ਕੌਂਸਲ ਵਿਚ ਬਰਾਊਨ ਦਾ ਮੁੱਖ ਵਿਰੋਧੀ ਮੰਨਿਆ ਜਾਂਦਾ ਦੀ ਅਤੇ ਸ਼ੇਖ ਨੂੰ 2018 ਵਿੱਚ ਬਰਾਊਨ ਦੀ ਚੋਣ ਤੋਂ ਛੇਤੀ ਬਾਅਦ ਉਹਨਾਂ ਦੀ ਹਦਾਇਤ ਤੇ ਨਿਯੁਕਤ ਕੀਤਾ ਗਿਆ ਸੀ, ਹਾਲਾਂਕਿ ਦੋਵਾਂ ਦੇ ਆਪਣੀ ਸਬੰਧਾਂ ਕਾਰਨ ਹਿੱਤਾਂ ਦੇ ਟਕਰਾਅ (ਕੋਨਫਲਿਕਟ ਆਫ ਇੰਟਰੱਸਟ)ਦੀਆਂ ਚਿੰਤਾਵਾਂ ਸਨ। ਸ਼ੇਖ ਨੇ ਪਹਿਲੇ ਕਦੇ ਮਿਉਂਸਪਿਲ ਕਾਨੂੰਨ ਵਿੱਚ ਕੰਮ ਨਹੀਂ ਕੀਤਾ ਸੀ ਅਤੇ ਕਦੇ ਇੰਟੈਗਰਿਟੀ ਕਮਿਸ਼ਨਰ ਜਾਂ ਕਿਸੇ ਅਜਿਹੇ ਖੇਤਰ ਵਿੱਚ ਕਿਸੇ ਵੀ ਅਹੁਦੇ ਤੇ ਸੇਵਾ ਨਹੀਂ ਸੀ ਨਿਭਾਈ।

ਉਹਨਾਂ ਦਾ ਕਾਨੂੰਨੀ ਦਾਅਵਾ ਆਉਣ ਵਾਲੀ ਚੋਣ ਦੇ ਆਲੇ ਦੁਆਲੇ ਉਸਾਰਿਆ ਗਿਆ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਸਿਟੀ ਜੋ ਆਪਣੇ ਕਲਰਕ ਰਾਂਹੀ ਵੋਟਿੰਗ ਪ੍ਰਕਿਰਿਆ ਚਲਾਉਂਦਾ ਹੈ, ਨੇ ਉਸ ਸਮੇਂ ਦੌਰਾਨ , ਜਿਸ ਨੂੰ ਇਹ 2026 ਚੋਣ ਮਿਆਦ ਕਹਿੰਦਾ ਹੈ ਯਾਨੀ 28 ਮਈ ਨੂੰ ਢਿੱਲੋਂ ਵਲੋਂ ਨਾਮਜ਼ਦਗੀ ਦਾਖਲ ਕਰਨ ਦੇ ਦਿਨ ਤੋਂ ਰਿਪੋਰਟ ਪ੍ਰਕਾਸ਼ਿਤ ਕਰਨੀ ਜਾਰੀ ਰੱਖੀ ਹੈ, ਅਤੇ ਰਿਪੋਰਟ ਸਾਰੇ ਸਿਟੀ ਦੀ ਵੈਬਸਾਈਟ ਤੇ ਜਿੰਨੇ ਦਿਨ ਰਹਿੰਦੀ ਹੈ, ਉਹ ਹਰ ਦਿਨ ਇਕ ਨਵਾਂ ਪ੍ਰਕਾਸ਼ਨ ਹੈ।

ਗੁਰਪ੍ਰੀਤ ਢਿੱਲੋਂ ਸਿਟੀ ਆਫ਼ ਬਰੈਂਪਟਨ ਤੋਂ ਆਮ ਹਰਜਾਨੇ ਵਜੋਂ $1 ਅਤੇ ਸਜ਼ਾਯੋਗ ਹਰਜਾਨੇ ਵਜੋਂ $50,000 ਨਾਲ ਖਰਚੇ ਮੰਗ ਰਹੇ ਹਨ। ਦਾਅਵਾ ਆਪਣੇ ਆਪ ਨੂੰ ਇਸੇ ਮਿਆਦ ਤੱਕ ਸੀਮਤ ਰੱਖਦਾ ਹੈ। ਇਹ ਕਹਿੰਦਾ ਹੈ ਕਿ ਢਿੱਲੋਂ ਇਸ ਤੋਂ ਪਹਿਲਾਂ ਦੀ ਕਿਸੇ

ਵੀ ਗੱਲ ਲਈ ਹਰਜਾਨਾ ਨਹੀਂ ਮੰਗ ਰਹੇ ਅਤੇ ਪਹਿਲਾਂ ਦੀਆਂ ਘਟਨਾਵਾਂ ਸਿਰਫ਼ ਸਿਟੀ ਦੀ ਜਾਣਕਾਰੀ, ਨੇਕ ਨੀਅਤੀ ਦੀ ਘਾਟ ਅਤੇ ਦੁਰਭਾਵਨਾ ਦੇ ਪਿਛੋਕੜ ਵਜੋਂ ਹੀ ਦਰਜ ਕਰਦਾ ਹੈ। ਦਾਅਵੇ ਦੇ ਕੇਂਦਰ ਵਿੱਚ ਦੋਸ਼ ਲਾਉਣ ਵਾਲੀ ਵਲੋਂ ਦੋਸ਼ਾਂ ਦੀ ਵਾਪਸੀ ਹੈ।

ਢਿੱਲੋਂ ਨੇ ਕਿਹ ਕਿ ਉਹਨਾਂ ਨੇ 8 ਨਵੰਬਰ, 2023 ਨੂੰ ਸਿਟੀ ਨੂੰ ਰਿਪੋਰਟ ਹਟਾਉਣ ਲਈ ਕਿਹਾ ਅਤੇ ਸਿਟੀ ਨੇ ਇਨਕਾਰ ਕਰ ਦਿੱਤਾ। ਦਾਅਵੇ ਵਿਚ ਦਲੀਲ ਹੈ ਕਿ ਸਿਟੀ ਤਕਰੀਬਨ ਤਿੰਨ ਸਾਲਾਂ ਤੋਂ ਜਾਣਦਾ ਹੈ ਕਿ ਰਿਪੋਰਟ ਝੂਠੀ ਜਾਣਕਾਰੀ ਤੇ ਆਧਾਰਿਤ ਸੀ, ਜਿਸ ਨੂੰ ਢਿੱਲੋਂ ਦੁਰਭਾਵਨਾ ਕਰਾਰ ਦਿੰਦੇ ਹਨ।

ਜੇ ਉਹ 26 ਅਕਤੂਬਰ ਨੂੰ ਚੁਣੇ ਨਹੀਂ ਜਾਂਦੇ ਤਾਂ ਦਾਅਵੇ ਮੁਤਾਬਕ ਉਹ 2026-2030 ਦੀ ਕੌਂਸਲ ਮਿਆਦ ਲਈ ਅਹੁਦਾ ਅਤੇ ਉਸ ਦੀ ਤਨਖਾਹ ਤੇ ਲਾਭ ਗੁਆ ਬੈਠਣਗੇ। ਉਹਨਾਂ ਦਾ ਕਾਨੂੰਨੀ ਦਾਅਵਾ ਸਿਟੀ ਦੇ ਵਤੀਰੇ ਨੂੰ ‘‘ਧੱਕੜ ਦੁਰਭਾਵਨਾ ਵਾਲਾ ਜਾਬਰ’’ ਕਹਿੰਦਾ ਹੈ।